**ਦਫਤਰ ਭੌਂ ਪ੍ਰਾਪਤੀ ਕੁਲੈਕਟਰ, ਸਹਿਰੀ ਵਿਕਾਸ ਵਿਭਾਗ ਪੰਜਾਬ,**
(ਪੁੱਡਾ ਭਵਨ, ਸੈਕਟਰ 62,ਐਸ.ਏ.ਐਸ. ਨਗਰ)

ਸੇਵਾ ਵਿਖੇ

ਸਬ-ਤਹਿਸੀਲਦਾਰ,
ਮੁਹਾਲੀ, ਜਿਲ੍ਹਾ ਐਸ.ਏ.ਐਸ.ਨਗਰ।

ਨੰ. ਗਮਾਡਾ-ਐਲ.ਏ.ਸੀ.2025/ 9192
ਮਿਤੀ: 26/12/25

ਵਿਸ਼ਾ:- **ਐਸ.ਏ.ਐਸ. ਨਗਰ ਵਿਖੇ ਸੈਕਟਰ 96/97, 106/107 ਅਤੇ 109/110 ਨੂੰ ਵੰਡਦੀ 200 ਫੁੱਟ ਚੌੜੀ ਸੜਕ ਦੀ ਉਸਾਰੀ ਲਈ ਭੌਂ ਪ੍ਰਾਪਤੀ ਦਾ ਅਵਾਰਡ ਸੁਨਾਉਣ ਸਬੰਧੀ-ਮੁਸਤਰੀ ਮੁਨਾਦੀ ਕਰਵਾਉਣ ਬਾਰੇ।**

ਦੱਸਿਆ ਜਾਂਦਾ ਹੈ ਕਿ ਉਪਰੋਕਤ ਸਕੀਮ ਵਾਸਤੇ ਹੇਠ ਦਰਸਾਏ ਪਿੰਡਾਂ ਦੀ ਪ੍ਰਾਪਤ ਕੀਤੀ ਜਾ ਰਹੀ ਭੌਂ ਦਾ ਸਮਰਥ ਪੱਧਰ ਤੇ ਪ੍ਰਵਾਨਤ ਅਵਾਰਡ ਨਿਮਨ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਸੁਣਾਇਆ ਜਾਣਾ ਹੈ:

| ਮਿਤੀ ਅਤੇ ਸਮਾਂ | ਪਿੰਡ ਦਾ ਨਾਮ | ਸਥਾਨ |
|---|---|---|
| 31-12-2025<br>11.00 ਵਜੇ<br>(ਪੂਰਵ ਦੁਪਹਿਰ) | ਭਾਗੋ ਮਾਜਰਾ ਅਤੇ ਮਾਣਕ ਮਾਜਰਾ | ਕਮੇਟੀ ਹਾਲ, ਦੂਜੀ ਮੰਜਿਲ, ਪੁਡਾ ਭਵਨ, ਸੈਕਟਰ 62, ਐਸ.ਏ.ਐਸ. ਨਗਰ (ਮੋਹਾਲੀ) |

ਬੇਨਤੀ ਕੀਤੀ ਜਾਂਦੀ ਹੈ ਕਿ ਸਬੰਧਤ ਹਲਕਾ ਪਟਵਾਰੀ ਨੂੰ ਅਵਾਰਡ ਸੁਨਾਉਣ ਸਮੇਂ ਮੌਕੇ ਤੇ ਹਾਜਰ ਰਹਿਣ ਲਈ ਕਿਹਾ ਜਾਵੇ ਜੀ।

**ਭੌਂ ਪ੍ਰਾਪਤੀ ਕੁਲੈਕਟਰ**

ਪਿੱਠ ਅੰਕਣ ਨੰ. ਗਮਾਡਾ-ਐਲ.ਏ.ਸੀ.2025/ ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਭੇਜਦੇ ਹੋਏ ਕਿਹਾ ਜਾਂਦਾ ਹੈ ਕਿ ਵਿਸ਼ੇ ਅਧੀਨ ਸਕੀਮ ਦੀ ਭੌਂ ਪ੍ਰਾਪਤੀ ਬਾਬਤ ਪ੍ਰਵਾਨਤ ਅਵਾਰਡ ਸੁਨਾਉਣ ਸਬੰਧੀ ਉਕਤ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਭੌਂ ਮਾਲਕਾਂ ਦੇ ਮੌਕੇ ਹਾਜਰ ਹੋਣ ਲਈ ਆਪਣੇ ਆਪਣੇ ਪਿੰਡ ਵਿੱਚ ਮੁਸਤਰੀ ਮੁਨਾਦੀ ਕਰਵਾਈ ਜਾਵੇ।

1. ਸਰਪੰਚ, ਪਿੰਡ, ਭਾਗੋ ਮਾਜਰਾ ਅਤੇ ਮਾਣਕ ਮਾਜਰਾ।

ਉਕਤ ਤੋਂ ਇਲਾਵਾ ਆਮ ਲੋਕਾਂ ਦੀ ਜਾਣਕਾਰੀ ਲਈ ਇਸ ਪੱਤਰ ਦੀ ਨਕਲ ਪਿੰਡ ਦੀਆਂ ਖਾਸ-ਖਾਸ ਥਾਵਾਂ ਜਿਵੇਂ ਕਿ ਗੁਰਦੁਆਰਾ ਸਾਹਿਬ, ਮੰਦਰ, ਮਸਜਿਦ, ਜੰਜ ਘਰ ਆਦ ਜਿਥੇ ਵੀ ਯੋਗ ਹੋਵੇ ਵਿਖੇ ਨੋਟਿਸ ਬੋਰਡ ਤੇ ਚਸਪਾ ਕਰਵਾਈ ਜਾਵੇ।

**ਭੌਂ ਪ੍ਰਾਪਤੀ ਕੁਲੈਕਟਰ**

ਪਿੱਠ ਅੰਕਣ ਨੰ. ਗਮਾਡਾ-ਐਲ.ਏ.ਸੀ.-2025/ 9192 ਮਿਤੀ: 26/12/2025

ਉਪਰੋਕਤ ਦਾ ਉਤਾਰਾ ਜਨਰਲ ਮੈਨੇਜਰ (ਆਈ.ਟੀ.ਅਤੇ ਸੀ.), ਗਮਾਡਾ ਨੂੰ ਭੇਜ਼ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਨੂੰ ਗਮਾਡਾ ਦੀ ਵੈਬ ਸਾਈਟ ਤੇ ਅਪਲੋਡ ਕੀਤਾ ਜਾਵੇ।

**ਭੌਂ ਪ੍ਰਾਪਤੀ ਕੁਲੈਕਟਰ**

Scanned with OKEN Scanner